# ਪੰਜਾਬ ਸਕੂਲ ਸਿੱਖਿਆ ਬੋਰਡ

ਵਿਸ਼ਾ:- ਦਸਵੀਂ ਪ੍ਰੀਖਿਆ ਮਾਰਚ 2025 ਚੌਣਵੇਂ ਵਿਸ਼ੇ (ਲਿਖਤੀ) ਦੇ ਅੰਕ ਆਨ-ਲਾਈਨ ਅਪ-ਲੋਡ ਕਰਨ ਸਬੰਧੀ ਹਦਾਇਤਾਂ।

01. ਦਸਵੀਂ ਪ੍ਰੀਖਿਆ ਚੌਣਵੇਂ ਵਿਸ਼ੇ ਦੇ ਅੰਕ ਆਨ-ਲਾਈਨ ਅਪ-ਲੋਡ ਕਰਨ ਲਈ ਸਕੂਲਾਂ ਨੂੰ ਮਿਤੀ: 17.03.2025 ਤੋਂ 10.04.2025 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਆਨ-ਲਾਈਨ ਡਾਟਾ ਲਾਕ ਕਰ ਦਿੱਤਾ ਜਾਵੇਗਾ।

02. ਜੇਕਰ ਪ੍ਰੀਖਿਆਰਥੀ ਗੈਰ-ਹਾਜ਼ਰ ਹੈ ਤਾਂ ਦਿੱਤੇ ਗਏ ਕਾਲਮ ਵਿੱਚ ਅੰਕਾਂ ਦੀ ਥਾਂ ਲਿਸਟ ਵਿੱਚ A(ABS) ਲਿਖਿਆ ਜਾਵੇ।

03. ਜੇਕਰ ਪ੍ਰੀਖਿਆਰਥੀ ਦੀ ਯੋਗਤਾ ਰੱਦ ਹੈ, ਤਾਂ ਅਵਾਰਡ ਲਿਸਟ ਵਿੱਚ C(CANCEL) ਲਿਖਿਆ ਜਾਵੇ।

04. ਫਾਈਨਲ ਸਬਮਿਟ ਕਰਨ ਤੋਂ ਪਹਿਲਾਂ ਰਫ ਪ੍ਰਿੰਟ ਆਊਟ ਲੈ ਕੇ ਪ੍ਰੀਖਿਆਰਥੀਆਂ ਦੇ ਭਰੇ ਗਏ ਅੰਕ ਚੈੱਕ ਕਰ ਲਏ ਜਾਣ, ਜੇਕਰ ਕੋਈ ਤਰੁੱਟੀ ਹੈ ਤਾਂ ਆਨ-ਲਾਈਨ ਸੋਧ ਕਰ ਲਈ ਜਾਵੇ।

05. ਫਾਈਨਲ ਸਬਮਿਟ ਕਰਨ ਉਪਰੰਤ ਆਨ-ਲਾਈਨ ਡਾਟਾ ਲਾਕ ਹੋ ਜਾਵੇਗਾ ਅਤੇ ਕਿਸੇ ਵੀ ਪ੍ਰਕਾਰ ਦੀ ਸੋਧ ਨਹੀਂ ਕੀਤੀ ਜਾਵੇਗੀ। ਗਲਤ ਅੰਕ ਭਰੇ ਜਾਣ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ/ਅਧਿਆਪਕ ਦੀ ਹੋਵੇਗੀ ਅਤੇ ਜੇਕਰ ਸਕੂਲ ਮੁੱਖੀ/ਅਧਿਆਪਕ ਵੱਲੋਂ ਅੰਕ ਦਰਜ਼ ਕਰਨ ਸਬੰਧੀ ਕੋਈ ਗਲਤੀ ਪਾਈ ਜਾਂਦੀ ਹੈ ਤਾਂ ਕਰਮਚਾਰੀਆਂ ਵਿਰੁੱਧ ਬਣਦੀ ਕਾਰਵਾਈ ਲਈ ਸਬੰਧਤ ਵਿਭਾਗ ਨੂੰ ਲਿਖ ਦਿੱਤਾ ਜਾਵੇਗਾ।

06. ਨਿਰਧਾਰਤ ਮਿਤੀਆਂ ਤੋਂ ਬਾਅਦ ਕਿਸੇ ਵੀ ਹਾਲਤ ਵਿੱਚ ਵਾਤਾਵਰਣ ਸਿੱਖਿਆ ਵਿਸ਼ੇ ਦੇ ਅੰਕ ਭਰਨ ਲਈ ਪੋਰਟਲ ਲਾਈਵ ਨਹੀਂ ਕੀਤਾ ਜਾਵੇਗਾ।

07. ਸਬੰਧਤ ਸਕੂਲ ਚੌਣਵੇਂ ਵਿਸ਼ੇ ਦੇ ਫਾਈਨਲ ਸਬਮਿਸ਼ਨ ਦਾ ਪ੍ਰਿੰਟ ਆਪਣੇ ਰਿਕਾਰਡ ਵਿੱਚ ਰੱਖਣਗੇ, ਪ੍ਰਿੰਟ ਨੂੰ ਮੁੱਖ ਦਫ਼ਤਰ ਜਾਂ ਖੇਤਰੀ ਦਫ਼ਤਰ ਵਿੱਚ ਜਮ੍ਹਾਂ ਨਾ ਕਰਵਾਇਆ ਜਾਵੇ।

18/3/25

ਸੁਪਰਡੰਟ (ਪ੍ਰੀਖਿਅ ਸ਼ਾਖਾ ਦਸਵੀਂ)

18/03/2025